नामांक Roll No.

| | | | | | | |
|---|---|---|---|---|---|---|
| | | | | | | |

No. of Questions – **10**

# S-75-Punjabi (T.L.) (Supp.)

No. of Printed Pages – **4**

## माध्यमिक पूरक परीक्षा, 2018

## SECONDARY SUPPLEMENTARY EXAMINATION, 2018

## पंजाबी

## PUNJABI

**(THIRD LANGUAGE)**

Time : $3\frac{1}{4}$ Hours

Maximum Marks : 80

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :**

(1) ਪ੍ਰਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ–ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੋ ।

(2) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ–ਪੁਸਤਿਕਾ ’ਤੇ ਹੀ ਲਿਖੋ ।

(4) ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਮਾਨ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ ’ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

1. ਪ੍ਰਦੂਸ਼ਣ ਤੋਂ ਭਾਵ ਚੌਗਿਰਦੇ ਦਾ ਗੰਧਲਾ ਹੋ ਰਿਹਾ ਵਾਤਾਵਰਨ ਹੈ । ਕਾਰਖ਼ਾਨਿਆਂ, ਫੈਕਟਰੀਆ ਆਦਿ ਦੀਆਂ ਚਿਮਨੀਆਂ ਵਿੱਚੋਂ ਨਿਕਲ ਰਿਹਾ ਧੂਆਂ, ਜ਼ਹਿਰੀਲਾ ਪਾਣੀ, ਜਹਾਜ਼ਾਂ, ਮਸ਼ੀਨਰੀਆਂ ਤੇ ਹੋਰ ਕਈ ਥਾਵਾਂ ਤੋਂ ਨਿਕਲ ਰਹੀਆਂ ਸ਼ੋਰ-ਸ਼ਰਾਬੇ ਦੀਆਂ ਅਵਾਜ਼ਾਂ ਆਦਿ ਸਭ ਪ੍ਰਦੂਸ਼ਣ ਫੈਲਾਅ ਰਹੇ ਹਨ . ਇਸ ਸਭ ਦਾ ਜ਼ਿੰਮੇਵਾਰ ਮਨੁੱਖ ਖ਼ੁਦ ਹੀ ਹੈ । ਉਸ ਨੇ ਆਪਣੇ ਸਮੁੱਚੇ ਵਾਤਾਵਰਨ ਨੂੰ ਗੰਧਲਾ ਤੇ ਜ਼ਹਿਰੀਲਾ ਕਰ ਦਿੱਤਾ ਹੈ, ਜਿਸ ਦਾ ਖ਼ਾਮਿਆਜ਼ਾ ਆਉਣ ਵਾਲੀ ਪੀੜ੍ਹੀ ਨੂੰ ਭੁਗਤਨਾ ਪਵੇਗਾ । ਉਂਝ ਤਾਂ ਹੁਣ ਵੀ ਇਸ ਜ਼ਹਿਰ ਨੇ ਆਪਣਾ ਜਲਵਾ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ । ਅੱਜ ਸਮੁੱਚੀ ਮਨੁੱਖਤਾ ਘਾਤਕ ਤੇ ਜਾਨਲੇਵਾ ਬਿਮਾਰੀਆਂ ਦੀ ਸ਼ਿਕਾਰ ਹੋ ਚੁੱਕੀ ਹੈ । **5 × 2 = 10**

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ ।

(ਅ) ਪ੍ਰਦੂਸ਼ਣ ਦੇ ਫੈਲਾਅ ਦੇ ਕਾਰਨ ਦੱਸੋ ।

(ੲ) ਪ੍ਰਦੂਸ਼ਣ ਦੇ ਫੈਲਣ ਦਾ ਜ਼ਿੰਮੇਵਾਰ ਕੌਣ ਹੈ ?

(ਸ) ਪ੍ਰਦੂਸ਼ਣ ਰੂਪੀ ਜ਼ਹਿਰ ਦਾ ਅਸਰ ਕਿਵੇਂ ਨਜ਼ਰ ਆ ਰਿਹਾ ਹੈ ?

(ਹ) ਪ੍ਰਦੂਸ਼ਣ ਤੋਂ ਕੀ ਭਾਵ ਹੈ ?

2. ਹੇਠ ਲਿਖੇ ਕਿਸੇ **ਇੱਕ** ਵਿਸ਼ੇ 'ਤੇ ਨੋਟ ਲਿਖੋ : **10**

(ੳ) ਬੇਰੁਜ਼ਗਾਰੀ ਦੀ ਸਮੱਸਿਆ ।

(ਅ) ਮੋਬਾਈਲ ਫੋਨ ਦੇ ਲਾਭ ਅਤੇ ਹਾਨੀਆਂ ।

(ੲ) ਸ਼ਹੀਦ ਭਗਤ ਸਿੰਘ ।

(ਸ) ਬਸੰਤ ਰੁੱਤ

3. ਆਪਣੇ ਸਕੂਲ ਦੇ ਮੁਖੀ ਨੂੰ ਜੁਰਮਾਨਾ ਮੁਆਫ਼ ਕਰਵਾਉਣ ਸੰਬੰਧੀ ਬਿਨੈ ਪਤੱਰ ਲਿਖੋ । **1 + 3 + 1 = 5**

**ਜਾਂ**

ਆਪਣੇ ਛੋਟੇ ਭਰਾ ਨੂੰ ਖੇਡਾਂ ਦੇ ਨਾਲ-ਨਾਲ ਪੜ੍ਹਾਈ ਵਿੱਚ ਦਿਲਚਸਪੀ ਲੈਣ ਲਈ ਪੱਤਰ ਲਿਖੋ ।

4. (ੳ) ਮਲਵਈ ਉਪਭਾਸ਼ਾ ਪੰਜਾਬ ਦੇ ਕਿਹੜੇ-ਕਿਹੜੇ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ ? **2**

(ਅ) ਪੰਜਾਬੀ ਭਾਸ਼ਾ ਵਿੱਚ ਨਾਸਕੀ ਵਿਅੰਜਨ ਕਿਹੜੇ-ਕਿਹੜੇ ਹਨ ? **2**

(ੲ) ਪੰਜਾਬੀ ਭਾਸ਼ਾ ਦੀਆਂ ਲਗਾਂ-ਮਾਤਰਾਵਾਂ ਦੇ ਨਾਂ ਦੱਸੋ ? **2**

5. (ੳ) ਵਿਰੋਧੀ ਸ਼ਬਦ ਲਿਖੋ (ਕੋਈ **ਤਿੰਨ** ਸ਼ਬਦ) **3**

ਦੁੱਖ, ਇਮਾਨਦਾਰ, ਸੁਧਰਨਾ, ਬੇਰਾ, ਕੌੜਾ

(ਅ) **ਦੋ–ਦੋ** ਸਮਾਨਆਰਥਕ ਸ਼ਬਦ ਲਿਖੋ । (ਕੋਈ **ਤਿੰਨ**) **3**

ਅਨਾਥ, ਆਦਰ, ਨਿਰਮਲ, ਤਾਕਤ, ਵੈਰੀ

(ੲ) ਕਿਸੇ **ਤਿੰਨ** ਸ਼ਬਦਾਂ ਦੇ **ਦੋ–ਦੋ** ਬਹੁਆਰਥਕ ਸ਼ਬਦ ਲਿਖੋ । **3**

ਉੱਤਰ, ਸਰ, ਚੱਕ, ਫੁੱਟ, ਵਾਰ

6. ਹੇਠ ਲਿਖੇ ਕਾਵਿ–ਬੰਦਾਂ ਵਿੱਚੋਂ ਕਿਸੇ **ਇੱਕ** ਨਾਲ ਸੰਬੰਧਤ ਪ੍ਰਸ਼ਨਾਂ ਦੇ ਉੱਤਰ ਲਿਖੋ : $\mathbf{2\frac{1}{2} \times 4 = 10}$

(ੳ) ਫਰੀਦਾ ਜੋ ਤੈ ਮਾਰਨਿ ਮਕੀਆਂ ਤਿਨਾ ਨ ਮਾਰੇ ਘੁੰਮਿ ।।
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ।।

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ।।
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ।।

(i) ਉਪਰੋਕਤ ਕਾਵਿ ਸਤਰਾਂ ਦਾ ਪ੍ਰਸੰਗ ਲਿਖੋ ।

(ii) 'ਫਰੀਦਾ ਜੋ ਤੈ ਮਾਰਨਿ ਮੁਕੀਆਂ' ਸਲੋਕ ਕੀ ਸੁਨੇਰਾ ਦਿੰਦਾ ਹੈ ?

(iii) ਉਪਰੋਕਤ ਕਾਵਿ–ਸਤਰਾਂ ਦਾ ਭਾਵ ਅਰਥ ਬਿਆਨ ਕਰੋ ।

(iv) ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ –

ਤਿਨ੍ਹਾ, ਆਪਨੜੈ, ਥੀਆ, ਭੂਰ, ਅਗਹੁ

(ਅ) ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ !
ਤੇ ਅੱਜ ਕਿਹਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ–ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ :
ਉਠ ਦਰਦ ਮੰਦਾਂ ਦਿਆ ਦਰਦੀਆ ਉੱਠ ਤੱਕ ਆਪਣਾ ਪੰਜਾਬ,
ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ ।

(i) ਉਪਰੋਕਤ ਕਾਵਿ ਬੰਦ ਦਾ ਪ੍ਰਸੰਗ ਬਿਆਨ ਕਰੋ ।

(ii) ਇਕ ਰੋਈ ਸੀ ਧੀ ਪੰਜਾਬ ਦੀ ਤੁਕ ਕੀ ਸੰਕੇਤ ਕਰਦੀ ਹੈ ?

(iii) ਉਪਰੋਕਤ ਸਤਰਾਂ ਦੀ ਵਿਆਖਿਆ ਕਰੋ ।

(iv) ਹੇਠ ਲਿਖੇ ਸ਼ਬਦਾ ਦੇ ਅਰਥ ਦੱਸੋ –

ਕਿਤਾਬੇ ਇਸ਼ਕ, ਵਰਕਾ, ਬੈਣ, ਬੇਲੇ, ਚਨਾਬ

7. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਦੇ ਉੱਤਰ ਲਿਖੋ : **5 + 5 = 10**

(ੳ) 'ਏ ਸਰੀਰਾ ਮੇਰਿਆ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

(ਅ) 'ਉਲਟੇ ਹੋਰ ਜ਼ਮਾਨੇ ਆਏ' ਕਾਫੀ ਵਿੱਚ ਆਏ ਭਾਵਾਂ ਨੂੰ ਵਿਸਤਾਰ ਸਹਿਤ ਬਿਆਨ ਕਰੋ ।

(ੲ) 'ਵਿਸਾਖੀ ਦਾ ਮੇਲਾ' ਕਵਿਤਾ ਦਾ ਸਾਰ ਲਿਖੋ ।

(ਸ) 'ਕੁਛ ਕਿਹਾ ਤਾਂ ...........' ਕਵਿਤਾ ਕਿੰਨਾਂ ਭਾਵਾਂ ਦੀ ਤਰਜ਼ਮਾਨੀ ਕਰਦੀ ਹੈ ?

8. ਹੇਠ ਲਿਖਿਆਂ ਵਿੱਚੋਂ ਕੋਈ **ਪੰਜ** ਪ੍ਰਸ਼ਨ ਹੱਲ ਕਰੋ : **5 × 2 = 10**

(ੳ) 'ਸੁੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ ।' ਸਪੱਸ਼ਟ ਕਰੋ ।

(ਅ) ਗੰਗਾ ਦੀਨ ਕੌਣ ਸੀ ? ਤੇ ਕੀ ਕੰਮ ਕਰਦਾ ਸੀ ?

(ੲ) ਮਿਲਖਾ ਸਿੰਘ ਏਸ਼ੀਆ ਦਾ ਬੈਸਟ ਐਥਲੀਟ ਕਿਵੇਂ ਤੇ ਕਦੋਂ ਬਣਿਆ ?

(ਸ) ਭਾਈ ਮਰਦਾਨਾ ਜੀ ਦਾ ਨਾਂ 'ਮਰਦਾਨਾ' ਕਿਵੇਂ ਪਿਆ ?

(ਹ) ਮੇਜਰ ਸਾਹਿਬ ਰੇਲ ਗੱਡੀ ਦੇ ਡੱਬੇ ਦਾ ਕੇਂਦਰ ਬਿੰਦੂ ਕਿਵੇਂ ਬਣੇ ?

(ਕ) 'ਸਾਂਝੀ ਕੰਪ' ਕਹਾਣੀ ਕਿਸ ਪੇਂਡੂ ਸਮੱਸਿਆ ਵੱਲ ਸੰਕੇਤ ਕਰਦੀ ਹੈ ?

(ਖ) ਪਹਿਲਾਂ ਹੀ ਚੋਈ ਜਾ ਚੁੱਕੀ ਮੱਝ ਦਾ ਪਰਦਾ ਰੱਖਣ ਲਈ ਲਾਲ ਨੂੰ ਕੀ ਫੁਰਨਾ ਫਰਿਆ ?

(ਗ) ਜੱਗਰ ਦਾ ਕਤਲ ਕਿਸ ਨੇ ਕੀਤਾ ਸੀ ? ਤੇ ਕਿਉਂ ?

9. 'ਮਹਾਰਾਜਾ ਗੰਗਾ ਸਿੰਘ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **5**

**ਜਾਂ**

ਰਾਜਸਥਾਨ ਦਾ ਸਭ ਤੋਂ ਮਹਤੱਵਪੂਰਨ ਕਿਲਾ ਕਿਹੜਾ ਹੈ ? ਤੇ ਇਸਦੀ ਕੀ ਵਿਸ਼ੇਸ਼ਤਾ ਹੈ ?

10. ਪੇਮੀ ਦੇ ਨਿਆਣੇ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **5**

**ਜਾਂ**

ਕਰਤਾਰੇ ਦੇ ਚਰਿੱਤਰ ਉੱਪਰ ਟਿੱਪਣੀ ਕਰੋ ।